# ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ - 160062

(ਕਾਰਜ ਸੰਚਾਲਨ ਸ਼ਾਖਾ)

ਨੰ: ਪਸਸਬ-ਕਸ-2025/ 2338
ਮਿਤੀ: 17/02/2025

ਵੱਲ

ਸਮੂਹ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰਜ਼

ਫਰਵਰੀ/ਮਾਰਚ-2025

ਵਿਸ਼ਾ :- **ਬਾਰ੍ਹਵੀਂ ਸ਼੍ਰੇਣੀ ਪਰੀਖਿਆ ਫਰਵਰੀ/ਮਾਰਚ 2025 ਦੀਆਂ ਸਲਾਨਾ ਪਰੀਖਿਆਵਾਂ ਦੇ ਪ੍ਰਸ਼ਨ ਪੱਤਰ ਬੈਂਕ ਦੀ ਸੇਫ਼ ਕਸਟੱਡੀ ਵਿੱਚ ਰੱਖਣਾ ਯਕੀਨੀ ਬਣਾਉਣ ਸਬੰਧੀ।**

ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਬਾਰਵੀਂ ਸ਼੍ਰੇਣੀ ਦੀਆਂ ਪਰੀਖਿਆਵਾਂ ਮਿਤੀ **19-02-2025** ਤੋਂ **04-04-2025** ਤੱਕ ਸਵੇਰੇ 11.00 ਵਜੇ ਤੋਂ ਬੋਰਡ ਵੱਲੋਂ ਸਥਾਪਿਤ ਕੀਤੇ ਪਰੀਖਿਆ ਕੇਂਦਰਾਂ ਵਿਖੇ ਕਰਵਾਈਆਂ ਜਾ ਰਹੀਆਂ ਹਨ। **ਇਹਨਾ ਪਰੀਖਿਆਵਾਂ ਨਾਲ ਸਬੰਧਤ ਪ੍ਰਸ਼ਨ ਪੱਤਰ (ਸਮੇਤ ਡੀ.ਏ. ਕੋਡ) ਜਿਲ੍ਹਾ ਮੈਨੇਜਰ ਖੇਤਰੀ ਦਫਤਰ ਕਰਮਚਾਰੀਆਂ ਰਾਹੀਂ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ ਨੂੰ ਮਿਤੀ 13-02-2025 ਤੋਂ 15-02-2025 ਤੱਕ ਸੌਂਪਣ ਉਪਰੰਤ ਬੈਂਕਾਂ ਦੀ ਸੇਫ ਕਸਟੱਡੀ ਵਿੱਚ ਰੱਖੇ ਗਏ ਹਨ।**

ਉਕਤ ਦੇ ਸਬੰਧ ਵਿੱਚ ਸਮੂਹ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰਜ਼ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਬਾਰ੍ਹਵੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰ ਆਪ ਪ੍ਰਾਪਤ ਕਰਕੇ MATQ APP ਵਿੱਚ ਆਪ ਆਪਣੇ ਮੋਬਾਇਲ ਫੋਨ 'ਤੇ ਸਕੈਨ ਕਰਨ ਉਪਰੰਤ ਪਰੀਖਿਆ ਕੇਂਦਰ ਨੂੰ ਅਲਾਟ ਕੀਤੇ ਗਏ ਬੈਂਕ ਦੀ ਸੇਫ਼ ਕਸਟੱਡੀ ਵਿੱਚ ਰੱਖ ਦਿੱਤੇ ਗਏ ਹਨ, ਕੋਈ ਵੀ ਪ੍ਰਸ਼ਨ ਪੱਤਰ ਬੈਂਕ ਦੀ ਸੇਫ਼ ਕਸਟੱਡੀ ਤੋਂ ਬਾਹਰ ਨਹੀਂ ਹੈ।

ਮਿਤੀ: 17/02/2025

-ਸਹੀ/-
ਕੰਟਰੋਲਰ ਪਰੀਖਿਆਵਾਂ
ਪੰਜਾਬ ਸਕੂਲ ਸਿੱਖਿਆ ਬੋਰਡ

ਨੰ: ਪਸਸਬ-ਕਸ-2025/ 2339

ਮਿਤੀ: 17/02/2025

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ / ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਪੀ ਏ ਟੂ ਚੇਅਰਮੈਨ, ਪਸਸਬ ਕਮ ਸਕੱਤਰ ਸਕੂਲ ਸਿੱਖਿਆ ਵਿਭਾਗ, ਪੰਜਾਬ।
2. ਡਾਇਰੈਕਟਰ ਸਕੂਲ ਸਿੱਖਿਆ, ਪੰਜਾਬ।
3. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ), ਪੰਜਾਬ।

(signature)
ਸਹਾਇਕ ਸਕੱਤਰ (ਕ.ਸ)
ਪੰਜਾਬ ਸਕੂਲ ਸਿੱਖਿਆ ਬੋਰਡ